

# ਇਮਿਊਨੋਥੈਰੇਪੀ ਅਤੇ ਬਲੈਡਰ ਕੈਂਸਰ

Urology Care FOUNDATION™
*The Official Foundation of the American Urological Association*

## ਇਮਿਊਨੋਥੈਰੇਪੀ ਕੀ ਹੁੰਦੀ ਹੈ?

ਇਮਿਊਨ ਸਿਸਟਮ ਸਾਡੇ ਸਰੀਰ ਦਾ ਕੁਦਰਤੀ ਭਾਗ ਹੈ। ਇਸ ਵਿੱਚ ਵਿਭਿੰਨ ਅੰਗ, ਸੈੱਲ ਅਤੇ ਪ੍ਰੋਟੀਨ ਸ਼ਾਮਲ ਹਨ। ਨਾੜੀ ਪ੍ਰਣਾਲੀ ਤੋਂ ਬਗੈਰ, ਮਨੁੱਖੀ ਸਰੀਰ ਵਿੱਚ ਇਹ ਸਭ ਤੋਂ ਗੁੰਝਲਦਾਰ ਪ੍ਰਣਾਲੀ ਹੈ।

ਇਮਿਊਨ ਸਿਸਟਮ ਦਾ ਕੰਮ ਬਾਹਰਲੇ ਜਾਂ ਟੁੱਟੇ-ਭੱਜੇ ਪਦਾਰਥਾਂ ਅਤੇ ਸੈੱਲਾਂ ਨੂੰ ਸਰੀਰ ਨੂੰ ਨੁਕਸਾਨ ਪਹੁੰਚਾਉਣ ਤੋਂ ਪਹਿਲਾਂ ਹੀ ਰੋਕ ਦੇਣਾ ਹੁੰਦਾ ਹੈ। ਬਹੁਤ ਵਾਰ, ਸਾਡਾ ਇਮਿਊਨ ਸਿਸਟਮ ਰੋਗਾਣੂਆਂ ਅਤੇ ਜੀਵਾਣੂਆਂ ਵਰਗੇ ਬਾਹਰੀ ਹਮਲਾਵਰਾਂ ਨੂੰ ਪਹਿਚਾਣ ਲੈਂਦਾ ਹੈ ਅਤੇ ਉਹਨਾਂ ਨੂੰ ਖਤਮ ਕਰ ਦਿੰਦਾ ਹੈ। ਕੈਂਸਰ ਵੱਖਰਾ ਹੈ। ਇਹ ਸਧਾਰਨ ਸਰੀਰਕ ਸੈੱਲਾਂ ਦੇ ਅਸਧਾਰਨ ਵਾਧੇ ਵਜੋਂ ਸ਼ੁਰੂ ਹੁੰਦਾ ਹੈ। ਦੂਜੇ ਸ਼ਬਦਾਂ ਵਿੱਚ, ਇਮਿਊਨ ਸਿਸਟਮ ਕੈਂਸਰ ਸੈੱਲਾਂ ਨੂੰ ਬਾਹਰੀ ਸੈੱਲ ਵਜੋਂ ਨਹੀਂ ਵੇਖ ਸਕਦਾ। ਇਹ ਲੁਕ ਅਤੇ ਵੱਧ-ਫੁੱਲ ਸਕਦੇ ਹਨ।

ਇਮਿਊਨੋਥੈਰੇਪੀ ਕਿਸੇ ਵੀ ਤਰ੍ਹਾਂ ਦਾ ਇਲਾਜ ਹੈ ਜੋ ਇਮਿਊਨ ਸਿਸਟਮ ਨੂੰ ਮਜ਼ਬੂਤ ਅਤੇ "ਸਮਾਰਟਰ" ਬਣਾਉਂਦਾ ਹੈ। ਕੈਂਸਰ ਲਈ, ਇਹ ਕੈਂਸਰ ਸੈੱਲਾਂ ਨੂੰ ਖਤਮ ਕਰਨ ਲਈ ਸਰੀਰ ਦੀ ਮਦਦ ਕਰਦਾ ਹੈ। ਇਮਿਊਨੋ-ਓਂਕੋਲੌਜੀ ਦਾ ਖੇਤਰ ਅਧਿਐਨ ਕਰਦਾ ਹੈ ਕਿ ਇਮਿਊਨ ਸਿਸਟਮ ਕੈਂਸਰ ਨਾਲ ਕਿਵੇਂ ਅੰਤਰ-ਕਿਰਿਆ ਕਰਦਾ ਹੈ। ਇਹ ਉਸ ਜਾਣਕਾਰੀ ਨੂੰ ਨਵੇਂ ਇਲਾਜਾਂ ਨੂੰ ਕਰਨ ਲਈ ਵਰਤਦਾ ਹੈ ਜੋ ਇਮਿਊਨੋਥੈਰੇਪੀ ਅਖਵਾਉਂਦੇ ਹਨ।

ਇਮਿਊਨੋਥੈਰੇਪੀਜ਼ ਕੈਂਸਰ ਲਈ ਸਾਡੇ ਇਮਿਊਨ ਸਿਸਟਮ ਵਿੱਚ ਤਬਦੀਲੀ ਕਰਦੀਆਂ ਹਨ ਤਾਂ ਕਿ ਇਸਨੂੰ ਕਿਰਿਆਸ਼ੀਲ ਕਰਨ ਵਿੱਚ ਮਦਦ ਮਿਲ ਸਕੇ। ਇਹ ਸੰਕੇਤਾਂ(ਜਾਂ "ਚੈੱਕਪੁਆਇੰਟਸ") ਨੂੰ ਰੋਕ ਸਕਦੀਆਂ ਹਨ ਜੋ ਕੈਂਸਰ ਸੈੱਲਾਂ ਨੂੰ ਲੁਕਣ ਦੀ ਆਗਿਆ ਦਿੰਦੇ ਹੋਣ, ਅਤੇ/ਜਾਂ ਇਮਿਊਨ ਸੈੱਲਾਂ ਨੂੰ ਹਮਲਾ ਕਰਨ ਲਈ ਹੋਰ ਵੱਧ ਕਿਰਿਆਸ਼ੀਲ ਬਣਾ ਦਿੰਦੀਆਂ ਹਨ।

ਸੈਂਕੜੇ ਹੀ ਨਵੀਆਂ ਇਮਿਊਨੋਥੈਰੇਪੀਜ਼ ਕੈਂਸਰ, ਸਮੇਤ ਬੈਲਡਰ ਕੈਂਸਰ, ਲਈ ਜਾਂਚੀਆਂ ਜਾ ਰਹੀਆਂ ਹਨ। ਅਜੇ ਤੱਕ ਕੁਝ ਪ੍ਰਤੀਸ਼ਤ ਲੋਕਾਂ ਨੂੰ ਨਵੇਂ ਇਲਾਜਾਂ ਨਾਲ ਸਫਲਤਾ ਮਿਲੀ ਹੈ, ਪਰ ਇਹ ਖੋਜ ਭਵਿੱਖ ਲਈ ਵੱਡੀ ਆਸ ਬੰਨ੍ਹਦੀ ਹੈ।

## ਬਲੈਡਰ ਕੈਂਸਰ ਅਤੇ ਹੋਰਨਾਂ ਯੂਰੋਲੌਜੀਕਲ ਕੈਂਸਰਾਂ ਲਈ ਕਿਹੜੇ ਇਮਿਊਨੋਥੈਰੇਪੀ ਇਲਾਜ ਵਰਤੇ ਜਾਂਦੇ ਹਨ?

- ਬੈਸੀਲਸ ਕੈਲਮੇਟੇ-ਗੁਏਰਿਨ ਜਾਂ ਬੀ.ਸੀ.ਜੀ. ਇੱਕ ਇਮਿਊਨੋਥੈਰੇਪੀ ਹੈ ਜਿਸਨੂੰ ਕੇਵਲ ਬਲੈਡਰ ਵਿੱਚ ਲੱਭੇ ਜਾਂਦੇ ਬਲੈਡਰ ਕੈਂਸਰ ਦੇ ਇਲਾਜ ਲਈ ਵਰਤਿਆ ਜਾਂਦਾ ਹੈ। ਬੀ.ਸੀ.ਜੀ. ਟਿਊਬਰੋਕਲੋਸਿਸ ਜੀਵਾਣੂ ਦਾ ਇੱਕ ਕਮਜ਼ੋਰ ਰੂਪ ਹੈ। ਇਹ ਬਲੈਡਰ ਵਿੱਚ ਕੈਂਸਰ ਸੈੱਲਾਂ ਦੇ ਖਿਲਾਫ ਕੰਮ ਕਰਨ ਲਈ ਇਮਿਊਨ ਸਿਸਟਮ ਨੂੰ ਪ੍ਰੇਰਿਤ ਕਰਦਾ ਹੈ। ਇਹ ਨਾਨ-ਮਸਲ ਇਨਵੇਸਿਵ(ਟਿਸ਼ੂ ਵਿੱਚ ਗਹਿਰਾਈ ਤੱਕ ਵਧ ਜਾਣ ਤੋਂ ਪਹਿਲਾਂ) ਦੇ ਇਲਾਜ ਵਿੱਚ ਬਹੁਤ ਮਦਦਗਾਰ ਹੋ ਸਕਦਾ ਹੈ। ਨਾਨ-ਮਸਲ ਇਨਵੇਸਿਵ ਬੀ.ਸੀ.ਜੀ. ਰਿਫਰੈਕਟਰੀ ਬਲੈਡਰ ਕੈਂਸਰ ਬੀ.ਸੀ.ਜੀ. ਨੂੰ ਪ੍ਰਤੀਕਿਰਿਆ ਕਰਦਾ ਨਹੀਂ ਜਾਪਦਾ। ਹੋਰ ਕਿਸਮਾਂ ਦੇ ਕੈਸਰਾਂ ਵਿੱਚ ਵੀ ਬੀ.ਸੀ.ਜੀ. ਦਾ ਅਧਿਐਨ ਹੋ ਰਿਹਾ ਹੈ। ਇਹ ਇਲਾਜ ਲਗਭਗ 40 ਸਾਲਾਂ ਤੋਂ ਹੋ ਰਿਹਾ ਹੈ। ਅਜੇ ਵੀ, ਅਸੀਂ ਇਹ ਸਮਝ ਨਹੀਂ ਪਾ ਰਹੇ ਕਿ ਇਹ ਕੁਝ ਲੋਕਾਂ ਲਈ ਅਸਰਦਾਰ ਹੈ ਪਰ ਬਾਕੀਆਂ ਲਈ ਕਿਉਂ ਨਹੀਂ।

  ਬੀ.ਸੀ.ਜੀ. ਇੱਕ ਤਰਲ ਹੈ ਜੋ ਇੱਕ ਛੋਟੀ ਜਿਹੀ ਕੈਥੇਟਰ(ਟਿਊਬ) ਨਾਲ ਬਲੈਡਰ ਵਿੱਚ ਸਿੱਧੇ ਰੂਪ ਵਿੱਚ (ਇੱਕ "ਇੰਟਰਾਵੈਸੀਕਲ" ਇਲਾਜ ਵਜੋਂ) ਦਿੱਤਾ ਜਾਂਦਾ ਹੈ। ਇਹ ਛੇ ਹਫਤਿਆਂ ਲਈ ਹਫਤਾਵਾਰ ਦੁਹਰਾਇਆ ਜਾਂਦਾ ਹੈ।

- ਇਮਿਊਨ ਚੈੱਕਪੁਆਇੰਟ ਇਨਹਿਬੀਟਰਜ਼ ਉਹ ਦਵਾਈਆਂ ਹਨ, ਜਿਨ੍ਹਾਂ ਨੂੰ ਵਿਕਸਿਤ ਬਲੈਡਰ ਕੈਂਸਰ ਜੋ ਬਲੈਡਰ ਤੋਂ ਬਾਹਰਵਾਰ ਫੈਲ ਗਿਆ ਹੋਵੇ ਜਾਂ ਜੋ ਕੀਮੋਥੈਰੇਪੀ ਤੋਂ ਬਾਅਦ ਵੀ ਵਿਕਸਿਤ ਹੋਣਾ ਸ਼ੁਰੂ ਕਰ ਦਿੰਦਾ ਹੈ, ਦੇ ਇਲਾਜ ਲਈ ਵਰਤਿਆ ਜਾਂਦਾ ਹੈ। ਇਹ ਕੈਂਸਰ ਸੈੱਲਾਂ ਦੀ ਸਤ੍ਹਾ ਤੇ ਚੈੱਕਪੁਆਇੰਟਸ ਨੂੰ ਰੋਕਣ ਵਜੋਂ ਕੰਮ ਕਰਦਾ ਹੈ।ਚੈੱਕਪੁਆਇੰਟਸ ਇਮਿਊਨ ਸੈੱਲਾਂ ਉੱਪਰ ਉਹ ਅਣੂ ਹਨ, ਜਿਨ੍ਹਾਂ ਨੂੰ ਇਮਿਊਨ ਹੁੰਗਾਰਾ ਸ਼ੁਰੂ ਕਰਨ ਲਈ ਚਾਲੂ(ਜਾਂ ਬੰਦ) ਕਰਨ ਦੀ ਜ਼ਰੂਰਤ ਹੁੰਦੀ ਹੈ। ਕੈਂਸਰ ਸੈੱਲ ਇਮਿਊਨ ਸਿਸਟਮ ਤੋਂ ਲੁਕਣ ਲਈ ਚੈੱਕਪੁਆਇੰਟਸ ਦੀ ਵਰਤੋਂ ਕਰ ਸਕਦੇ ਹਨ। ਟੀ ਸੈੱਲਾਂ(ਇਮਿਊਨ ਸਿਸਟਮ ਦੇ ਕਾਤਲ ਸੈੱਲਾਂ) ਜਾਂ ਕੈਂਸਰ ਸੈੱਲਾਂ ਉੱਪਰ ਪਾਈਆਂ ਜਾਂਦੀਆਂ ਚੈੱਕਪੁਆਇੰਟਸ ਪ੍ਰੋਟੀਨਜ਼ ਵਿੱਚ ਪੀ.ਡੀ.-1/ਪੀ.ਡੀ.-ਐੱਲ.1 ਅਤੇ ਸੀ.ਟੀ.ਐੱਲ.ਏ.-4 (PD-1/PD-L1 and CTLA-4) ਸ਼ਾਮਲ ਹਨ। ਜਦੋਂ ਚੈੱਕਪੁਆਇੰਟਸ ਨੂੰ ਰੋਕਿਆ ਜਾਂਦਾ ਹੈ, ਟੀ ਸੈੱਲ ਕੈਂਸਰ ਨੂੰ ਲੱਭ ਕੇ ਇਸਤੇ ਹਮਲਾ ਕਰ ਸਕਦੇ ਹਨ। ਇਹਨਾਂ ਦਵਾਈਆਂ ਦੀਆਂ ਬਹੁਤ ਸਾਰੀਆਂ ਕਲੀਨੀਕਲ ਟਰਾਇਲਜ਼ ਵਿਕਸਿਤ ਬਲੈਡਰ ਕੈਂਸਰ ਲਈ ਇਲਾਜ ਉੱਪਰ ਕੇਂਦ੍ਰਿਤ ਹੁੰਦੇ ਹਨ ਬਲੈਡਰ ਕੈਂਸਰ ਲਈ ਪ੍ਰਵਾਨਿਤ ਨਵੀਨਤਮ

**ਰਾਸ਼ਟਰੀ ਹੈੱਡ ਕੁਆਰਟਰ: 1000 ਕਾਰਪੋਰੇਟ ਬੁਲੇਵਾਰਡ, ਲਿਨਥਿਕਮ, ਐਮ.ਡੀ. 21090**

**ਫੋਨ: 410-689-3990 • ਫੈਕਸ: 410-689-3878 • 1-800-828-7866 • info@UrologyCareFoundation.org • www.UrologyHealth.org**

UrologyCareFoundation @UrologyCareFdn @UrologyCareFdn UrologyCareFoun

# ਇਮਿਊਨੋਥੈਰੇਪੀ ਅਤੇ ਬਲੈਡਰ ਕੈਂਸਰ

Urology Care FOUNDATION™
*The Official Foundation of the American Urological Association*

ਇਮਿਊਨੋਥੈਰੇਪੀਜ਼ ਸਾਰੀਆਂ ਹੀ ਇਮਿਊਨ ਚੈੱਕਪੁਆਇੰਟ ਇਨਹਿਬੀਟਰਜ਼ ਹਨ। ਬਹੁਤ ਸਾਰੀਆਂ ਨੂੰ ਹਰ ਦੋ ਹਫਤਿਆਂ ਤੇ ਆਈ.ਵੀ. ਰਾਹੀਂ ਦਿੱਤਾ ਜਾਂਦਾ ਹੈ।

ਇਸ ਸਮੇਂ ਬਲੈਡਰ ਕੈਂਸਰ ਲਈ ਵਰਤੇ ਜਾਂਦੇ ਇਮਿਊਨ ਚੈੱਕਪੁਆਇੰਟ ਇਨਹਿਬੀਟਰਜ਼ ਹਨ:

- ਅਟੇਜ਼ੋਲਿਜ਼ੂਮੈਬ(ਟੇਸੇਂਟਰਿਕ), ਡੁਰਵਾਲਿਊਮੈਬ(ਇਮਫਿਨਜ਼ੀ) ਅਤੇ ਉਵੇਲਿਊਮੈਬ(ਬੈਵੇਨਸੀਓ)। ਇਹ ਉਹ ਦਵਾਈਆਂ ਹਨ ਜੋ ਕੁਝ ਕੈਂਸਰ ਸੈੱਲਾਂ ਉੱਪਰ ਉਹਨਾਂ ਨੂੰ ਲੁਕਣ ਤੋਂ ਰੋਕਣ ਲਈ ਪੀ.ਡੀ.-ਐੱਲ1 ਨੂੰ ਨਿਸ਼ਾਨਾ ਬਣਾਉਂਦੀਆਂ ਹਨ। ਇਹ ਇਮਿਊਨ ਹੁੰਗਾਰੇ ਨੂੰ ਉਤਸ਼ਾਹਿਤ ਕਰ ਸਕਦੀਆਂ ਹਨ। ਇਹ ਕੁਝ ਟਿਊਮਰਾਂ ਨੂੰ ਸੁੰਗੜਨ ਜਾਂ ਉਹਨਾਂ ਦੇ ਵਿਕਾਸ ਨੂੰ ਘਟਾਉਣ ਵਿੱਚ ਮਦਦ ਕਰ ਸਕਦੀਆਂ ਹਨ।
- ਨਿਵੋਲਿਊਮੈਬ (ਪਡੀਵੋ) ਅਤੇ ਪੇਮਬ੍ਰੋਲਿਜ਼ੁਮੈਬ (ਕੀਟਰੁਡਾ)। ਇਹ ਉਹ ਦਵਾਈਆਂ ਹਨ ਜੋ ਪੀ.ਡੀ.-1 ਨੂੰ ਨਿਸ਼ਾਨਾ ਬਣਾਉਂਦੀਆਂ ਹਨ, ਜੋ ਇੱਕ ਪ੍ਰੋਟੀਨ ਹੈ ਅਤੇ ਸੈੱਲਾਂ ਨੂੰ ਇਮਿਊਨ ਸਿਸਟਮ ਤੋਂ ਬਚਾਉਂਦੀ ਹੈ। ਪੀ.ਡੀ.-1 ਨੂੰ ਰੋਕਣ ਨਾਲ ਕੁਝ ਖਾਸ ਕੈਂਸਰ ਸੈੱਲਾਂ ਤੇ ਹਮਲਾ ਕਰਨ ਲਈ ਇਮਿਊਨ ਸਿਸਟਮ ਦੀ ਮਦਦ ਹੋ ਸਕਦੀ ਹੈ। ਇਹ ਕੁਝ ਟਿਊਮਰਾਂ ਨੂੰ ਸੁੰਗੜਨ ਜਾਂ ਉਹਨਾਂ ਦੇ ਵਿਕਾਸ ਨੂੰ ਘਟਾਉਣ ਵਿੱਚ ਮਦਦ ਕਰ ਸਕਦੀਆਂ ਹਨ।

## ਇਮਿਊਨੋਥੈਰੇਪੀ ਲਈ ਚੰਗਾ ਉਮੀਦਵਾਰ ਕੌਣ ਹੁੰਦਾ ਹੈ?

ਤੁਸੀਂ ਆਪਣੇ ਡਾਕਟਰ ਨੂੰ ਪੁੱਛ ਸਕਦੇ ਹੋ ਕਿ ਕੀ ਇਮਿਊਨੋਥੈਰੇਪੀ ਜਾਂ ਕਲੀਨੀਕਲ ਟਰਾਇਲ ਤੁਹਾਡੇ ਲਈ ਸਹਾਇਕ ਹੋ ਸਕਦਾ ਹੈ। ਡਾਕਟਰ ਇਹਨਾਂ ਕਾਰਕਾਂ ਨੂੰ ਵਿਚਾਰਨਗੇ:

- ਟਿਊਮਰਾਂ ਦਾ ਆਕਾਰ ਅਤੇ ਗਿਣਤੀ
- ਇਸ ਕਿਸਮ ਦਾ ਟਿਊਮਰ ਕਿੰਨਾ ਕੁ ਹਮਲਾਵਰ ਹੈ
- ਟਿਊਮਰ(ਟਿਊਮਰਾਂ) ਦਾ ਗ੍ਰੇਡ (ਉਚੇਰਾ ਗ੍ਰੇਡ ਹੋਰ ਵੱਧ ਹਮਲਾਵਰ ਹੁੰਦਾ ਹੈ)
- ਕੀ ਟਿਊਮਰ ਜਮ੍ਹਾਂ ਹੋ ਗਏ ਹਨ
- ਮਰੀਜ਼ ਦੀ ਸਮੁੱਚੀ ਸਿਹਤ
- ਕੀ ਉਪਲੱਬਧ ਇਮਿਊਨੋਥੈਰੇਪੀ ਜਾਂ ਕਲੀਨੀਕਲ ਟਰਾਇਲ ਤੁਹਾਡੀਆਂ ਲੋੜਾਂ ਨਾਲ ਮੇਲ ਖਾ ਸਕਦੇ ਹਨ

ਹੋਰ ਵਿਚਾਰਾਂ

- ਬੀ.ਸੀ.ਜੀ. ਮੁੱਖ ਰੂਪ ਵਿੱਚ ਨਾਨ-ਮਸਲ ਇਨਵੇਸਿਵ ਬਲੈਡਰ ਕੈਂਸਰ ਵਾਲੇ ਮਰੀਜ਼ਾਂ ਦੇ ਇਲਾਜ ਲਈ ਵਰਤਿਆ ਜਾਂਦਾ ਹੈ।
- ਚੈੱਕਪੁਆਇੰਟ ਇਨਹਿਬੀਟਰਜ਼ ਇਸ ਸਮੇਂ ਦੇਰੀ ਵਾਲੀ ਸਟੇਜ ਜਾਂ ਮੈਟਾਸਟੈਟਿਕ ਮਰੀਜ਼ਾਂ ਨੂੰ ਦਿੱਤੇ ਜਾਂਦੇ ਹਨ।
- ਇਮਇਊਨੋਥੈਰੇਪੀ ਵਿਕਸਿਤ ਬਲੈਡਰ ਕੈਂਸਰ ਮਰੀਜ਼ਾਂ ਲਈ ਇੱਕ ਵਿਕਲਪ ਹੈ ਜੋ ਵੱਡਾ ਅਪਰੇਸ਼ਨ ਨਹੀਂ ਕਰਵਾ ਸਕਦੇ।
- ਜੋ ਮਰੀਜ਼ ਕੀਮੋਥੈਰੇਪੀ ਨਹੀਂ ਕਰਵਾ ਸਕਦੇ(ਹੋਰ ਸਿਹਤ ਸਮੱਸਿਆਵਾਂ ਕਾਰਨ) ਉਹਨਾਂ ਨੂੰ ਇਮਿਊਨੋਥੈਰੇਪੀ ਨਾਲ ਲਾਭ ਹੋ ਸਕਦਾ ਹੈ।
- ਜਿਨ੍ਹਾਂ ਲੋਕਾਂ ਨੂੰ ਵਿਕਸਤ ਬਲੈਡਰ ਕੈਂਸਰ ਦੁਬਾਰਾ ਹੋ ਜਾਂਦਾ ਹੈ, ਜਾਂ ਕੀਮੋਥੈਰੇਪੀ ਤੋਂ ਬਾਅਦ ਦੁਬਾਰਾ ਹੋ ਜਾਂਦਾ ਹੈ, ਉਹ ਇਮਿਊਨੋਥੈਰੇਪੀ ਨੂੰ ਚੁਣ ਸਕਦੇ ਹਨ।
- ਆਟੋਇਮਿਊਨ ਬਿਮਾਰੀ ਵਾਲੇ ਲੋਕ ਚੈੱਕਪੁਆਇੰਟ ਇਨਹਿਬੀਟਰਜ਼ ਲਈ ਚੰਗੇ ਉਮੀਦਵਾਰ ਨਹੀਂ ਹੋ ਸਕਦੇ।
- ਕੁਝ ਕਲੀਨੀਕਲ ਟਰਾਇਲ ਪ੍ਰਕਿਰਿਆ ਵਿੱਚ ਮਰੀਜ਼ਾਂ ਨੂੰ ਪਹਿਲਾਂ ਹੀ ਇਮਿਊਨੋਥੈਰੇਪੀ ਦੇ ਰਹੇ ਹਨ( ਜਿਵੇਂ ਕਿ, ਸਰਜਰੀ ਦੇ ਸਮੇਂ)।

## ਇਲਾਜ ਤੋਂ ਬਾਅਦ ਕੀ ਹੁੰਦਾ ਹੈ?

ਜਿਹੜੇ ਮਰੀਜ਼ ਇਮਿਊਨੋਥੈਰੇਪੀ ਪ੍ਰਾਪਤ ਕਰਦੇ ਹਨ, ਕੰਮ ਅਤੇ ਕਸਰਤ ਸਮੇਤ, ਇਲਾਜ ਦੌਰਾਨ ਹੀ ਅਕਸਰ ਆਮ ਜ਼ਿੰਦਗੀ ਜਾਰੀ ਰੱਖ ਸਕਦੇ ਹਨ। ਕੁਝ ਮਰੀਜ਼ ਇਮਿਊਨੋਥੈਰੇਪੀ ਦੌਰਾਨ ਥੱਕੇ ਹੋਏ ਹੋਣ ਦੀ ਰਿਪੋਰਟ ਕਰਦੇ ਹਨ। ਹੋਰ ਪਾਸੜ ਪ੍ਰਭਾਵਾਂ ਵਿੱਚ ਥਾਇਰਾਇਡ ਸਮੱਸਿਆਵਾਂ, ਜੀ ਕੱਚਾ ਹੋਣਾ, ਧੱਫੜ, ਦਸਤ ਅਤੇ ਦੂਜੇ ਅੰਗਾਂ ਵਿੱਚ ਜਲਨ ਸ਼ਾਮਲ ਹੋ ਸਕਦੇ ਹਨ। ਵਿਕਸਿਤ ਬਲੈਡਰ ਕੈਂਸਰ ਨਾਲ, ਇਮਿਊਨੋਥੈਰੇਪੀ ਦੇ ਲਾਭ ਆਮ ਤੌਰ ਤੇ ਜੋਖਮਾਂ ਤੇ ਭਾਰੂ ਪੈ ਜਾਂਦੇ ਹਨ।

ਇਮਿਊਨੋਥੈਰੇਪੀ ਇਲਾਜ ਸਾਰੇ ਲੋਕਾਂ ਲਈ ਕੰਮ ਨਹੀਂ ਕਰਦਾ। ਹਰ ਮਰੀਜ਼ ਵੱਖਰਾ ਹੈ, ਇਸ ਲਈ ਤੁਸੀਂ ਵਿਅਕਤੀਗਤ ਫਾਲੋ-ਅਪ ਯੋਜਨਾ ਬਣਾਉਣ ਦੀ ਇੱਛਾ ਰੱਖ ਸਕਦੇ ਹੋ। ਜ਼ਿਆਦਾ ਹਮਲਾਵਰ ਕੈਂਸਰਾਂ ਲਈ, ਕਲੀਨੀਕਲ ਟਰਾਇਲਜ਼ ਦੀ ਅਕਸਰ ਇੱਕ ਅਗਲੇ ਕਦਮ ਵਜੋਂ ਸਿਫਾਰਸ਼ ਕੀਤੀ ਜਾਂਦੀ ਹੈ ਕਿਉਂਕਿ ਇਹ ਇੱਕ ਵਾਧੂ ਆਸ ਜਗਾ ਸਕਦੇ ਹਨ।

ਵਿਕਸਤ ਕੈਂਸਰ ਨਾਲ, ਅਕਸਰ ਲੋਕ ਠੀਕ ਮਹਿਸੂਸ ਨਹੀਂ ਕਰਦੇ ਅਤੇ ਆਸ ਇਹ ਹੈ ਕਿ ਇਹ ਇਲਾਜ ਉਹਨਾਂ ਨੂੰ ਬਿਹਤਰ ਮਹਿਸੂਸ ਕਰਵਾ ਸਕਦਾ ਹੈ।

ਸਾਰੇ ਮਰੀਜ਼ਾਂ ਲਈ ਇੱਕ ਯੋਗ ਟੀਚਾ ਲੰਬੇ ਸਮੇਂ ਤੱਕ ਬਿਹਤਰ ਮਹਿਸੂਸ ਕਰਨਾ ਹੁੰਦਾ ਹੈ। ਤੁਸੀਂ ਉਹ ਕੰਮ ਕਰ ਸਕਦੇ ਹੋ ਜੋ ਤੁਹਾਨੂੰ ਸਿਹਤਮੰਦ ਮਹਿਸੂਸ ਕਰਵਾ ਸਕਦੇ ਹਨ ਜਿਵੇਂ ਕਿ ਚੰਗੀ ਤਰ੍ਹਾਂ ਭੋਜਨ ਕਰਨਾ, ਹਰ ਰੋਜ਼ ਕਸਰਤ ਕਰਨੀ, ਸਿਗਰਟ ਪੀਣ ਤੋਂ ਬਚਣਾ, ਅਤੇ ਤਣਾਅ ਨੂੰ ਘਟਾਉਣਾ ਆਦਿ।

## ਯੂਰੋਲੌਜੀ ਕੇਅਰ ਫਾਊਂਡੇਸ਼ਨ ਬਾਰੇ

ਯੂਰੋਲੌਜੀ ਕੇਅਰ ਫਾਊਂਡੇਸ਼ਨ ਦੁਨੀਆਂ ਦੀ ਉੱਘੀ ਯੂਰੋਲੌਜਿਕ ਸੰਸਥਾ ਹੈ- ਅਤੇ ਅਮਰੀਕੀ ਯੂਰੋਲੌਜੀਕਲ ਐਸੋਸੀਏਸ਼ਨ ਦੀ ਅਧਿਕਾਰਕ ਸੰਸਥਾ ਹੈ। ਅਸੀਂ ਯੂਰੋਲੌਜੀਕਲ ਸਿਹਤ ਦਾ ਸਰਗਰਮੀ ਨਾਲ ਪ੍ਰਬੰਧਨ ਅਤੇ ਸਿਹਤ ਤਬਦੀਲੀਆਂ ਕਰਨ ਲਈ ਤਿਆਰ ਲੋਕਾਂ ਨੂੰ ਜਾਣਕਾਰੀ ਦਿੰਦੇ ਹਾਂ। ਸਾਡੀ ਜਾਣਕਾਰੀ ਅਮਰੀਕੀ ਯੂਰੋਲੌਜੀਕਲ ਐਸੋਸੀਏਸ਼ਨ ਦੇ ਸਰੋਤਾਂ ਤੇ ਨਿਰਭਰ ਹੈ ਅਤੇ ਇਸਦੀ ਸਿਹਤ ਮਾਹਿਰਾਂ ਵੱਲੋਂ ਸਮੀਖਿਆ ਕੀਤੀ ਜਾਂਦੀ ਹੈ।

ਹੋਰ ਜਾਣਨ ਲਈ, ਯੂਰੋਲੌਜੀ ਕੇਅਰ ਫਾਊਂਡੇਸ਼ਨ ਦੀ ਵੈੱਬਸਾਈਟ **UrologyHealth.org/UrologicConditions** ਤੇ ਜਾਓ ਜਾਂ ਫਿਰ ਆਪਣੇ ਨੇੜੇ ਇੱਕ ਡਾਕਟਰ ਲੱਭਣ ਲਈ **UrologyHealth.org/FindAUrologist** ਤੇ ਜਾਓ।

## ਬੇਦਾਵਾ:

ਇਹ ਜਾਣਕਾਰੀ ਸਵੈ ਰੋਗਨਿਦਾਨ ਲਈ ਇੱਕ ਸੰਦ ਜਾਂ ਇੱਕ ਮਾਹਿਰ ਮੈਡੀਕਲ ਮਸ਼ਵਰੇ ਦਾ ਬਦਲ ਨਹੀਂ ਹੈ। ਇਹ ਇਸ ਉਦੇਸ਼ ਲਈ ਵਰਤਣ ਜਾਂ ਸਿਹਤ ਯਕੀਨ ਕਰਨ ਲਈ

**ਰਾਸ਼ਟਰੀ ਹੈੱਡ ਕੁਆਰਟਰ: 1000 ਕਾਰਪੋਰੇਟ ਬੁਲੇਵਾਰਡ, ਲਿਨਥਿਕਮ, ਐਮ.ਡੀ. 21090**

**ਫੋਨ: 410-689-3990 • ਫੈਕਸ: 410-689-3878 • 1-800-828-7866 • info@UrologyCareFoundation.org • www.UrologyHealth.org**

UrologyCareFoundation @UrologyCareFdn @UrologyCareFdn UrologyCareFoun

# ਇਮਿਊਨੋਥੈਰੇਪੀ ਅਤੇ ਬਲੈਡਰ ਕੈਂਸਰ

Urology Care FOUNDATION™
*The Official Foundation of the American Urological Association*

ਨਹੀਂ ਹੈ। ਕਿਰਪਾ ਕਰਕੇ ਆਪਣੀਆਂ ਸਿਹਤ ਸਮੱਸਿਆਂਵਾਂ ਬਾਰੇ ਆਪਣੇ ਯੂਰੋਲੌਜਿਸਟ ਜਾਂ ਸਿਹਤ ਸੰਭਾਲ ਪ੍ਰਦਾਤਾ ਨਾਲ ਗੱਲ ਕਰੋ। ਕਿਸੇ ਵੀ ਇਲਾਜ ਸਮੇਤ ਦਵਾਈਆਂ ਨੂੰ ਸ਼ੁਰੂ ਜਾਂ ਬੰਦ ਕਰਨ ਤੋਂ ਪਹਿਲਾਂ ਹਮੇਸ਼ਾਂ ਇੱਕ ਸਿਹਤ ਸੰਭਾਲ ਪ੍ਰਦਾਤਾ ਨਾਲ ਮਸ਼ਵਰਾ ਕਰੋ।

ਮਸਲ ਇਨਵੇਸਿਵ ਬਲੈਡਰ ਕੈਂਸਰ ਅਤੇ ਹੋਰਨਾਂ ਯੂਰੋਲੌਜੀਕਲ ਹਾਲਤਾਂ ਲਈ ਛਪੀ ਹੋਈ ਸਮੱਗਰੀ ਦੀਆਂ ਪ੍ਰਤੀਆਂ ਲਈ
**UrologyHealth.org/Order** ਤੇ ਜਾਓ।

**ਰਾਸ਼ਟਰੀ ਹੈੱਡ ਕੁਆਰਟਰ: 1000 ਕਾਰਪੋਰੇਟ ਬੁਲੇਵਾਰਡ, ਲਿਨਥਿਕਮ, ਐਮ.ਡੀ. 21090**

**ਫੋਨ: 410-689-3990 • ਫੈਕਸ: 410-689-3878 • 1-800-828-7866 • info@UrologyCareFoundation.org • www.UrologyHealth.org**

UrologyCareFoundation @UrologyCareFdn @UrologyCareFdn UrologyCareFoun

©2018 Urology Care Foundation. All Rights Reserved.
BladderCancer-Immunotherapy-FS-2018-Punjabi